Sunnybrook
HEALTH SCIENCES CENTRE

Sunnybrook Health Sciences Centre
2075 Bayview Avenue,
Toronto, ON Canada M4N 3M5
t: 416.480.6100
www.sunnybrook.ca

# ਮਰੀਜ਼ਾਂ ਅਤੇ ਪਰਿਵਾਰਾਂ ਵਾਸਤੇ ਮਹੱਤਵਪੂਰਨ ਜਾਣਕਾਰੀ
# ਪਰਸਨਲ ਹੈਲਥ ਇਨਫ਼ਾਰਮੇਸ਼ਨ ਪਰੋਟੈਕਸ਼ਨ ਐਕਟ

## ਪਰਸਨਲ ਹੈਲਥ ਇਨਫ਼ਾਰਮੇਸ਼ਨ ਪਰੋਟੈਕਸ਼ਨ ਐਕਟ

ਇਹ ਆਂਟੇਰੀਓ ਸਰਕਾਰ ਦਾ ਕਾਨੂੰਨ ਹੈ, ਪਰਸਨਲ ਹੈਲਥ ਇਨਫ਼ਾਰਮੇਸ਼ਨ ਪਰੋਟੈਕਸ਼ਨ ਐਕਟ (ਪੀ ਐਚ ਆਈ ਪੀ ਏ), ਜਿਹੜਾ ਨਵੰਬਰ 1, 2004 ਨੂੰ ਲਾਗੂ ਹੋਇਆ ਹੈ। ਇਹ ਕਾਨੂੰਨ ਮਰੀਜ਼ਾਂ ਬਾਰੇ ਇਕੱਠੀ ਕੀਤੀ ਜਾਂਦੀ ਜਾਣਕਾਰੀ ਨੂੰ ਇਕੱਤਰ ਕਰਨ ਅਤੇ ਉਸ ਦੀ ਵਰਤੋਂ ਸਬੰਧੀ ਨਿਯਮ ਸਥਾਪਤ ਕਰਨ ਵਾਸਤੇ ਬਣਾਇਆ ਗਿਆ ਹੈ। ਇਹ ਦਸਤਾਵੇਜ਼ ਤੁਹਾਨੂੰ ਨਵੇਂ ਕਾਨੂੰਨ ਪਰਸਨਲ ਹੈਲਥ ਇਨਫ਼ਾਰਮੇਸ਼ਨ ਪਰੋਟੈਕਸ਼ਨ ਐਕਟ ਸਬੰਧੀ ਜਾਣਕਾਰੀ ਦੇਣ ਦੇ ਇਰਾਦੇ ਨਾਲ ਤਿਆਰ ਕੀਤਾ ਗਿਆ ਹੈ।

## ਜਾਤੀ ਜਾਣਕਾਰੀ ਇਕੱਤਰ ਕਰਨਾ

ਅਸੀਂ ਤੁਹਾਡੀ ਜਾਤੀ ਸਿਹਤ ਸਬੰਧੀ ਬਾਰੇ ਜਾਣਕਾਰੀ ਇਕੱਠੀ ਕਰਦੇ ਹਾਂ। ਇਹ ਜਾਣਕਾਰੀ ਅਸੀਂ ਸਿੱਧੀ ਤੁਹਾਡੇ ਕੋਲੋਂ ਜਾਂ ਤੁਹਾਡੇ ਵਲੋਂ ਕੰਮ ਕਰ ਰਹੇ ਵਿਅਕਤੀ ਕੋਲੋਂ ਲੈਂਦੇ ਹਾਂ। ਜਿਹੜੀ ਜਾਣਕਾਰੀ ਅਸੀਂ ਇਕੱਤਰ ਕਰਦੇ ਹਾਂ ਉਸ ਵਿਚ ਤੁਹਾਡਾ ਨਾਂ, ਜਨਮ ਤਰੀਕ, ਪਤਾ, ਸਿਹਤ ਦਾ ਪਿਛੋਕੜ, ਸਿਹਤ ਸਬੰਧੀ ਤੁਹਾਡਾ ਡਾਕਟਰ ਨੂੰ ਮਿਲਣ ਦਾ ਰਿਕਾਰਡ ਅਤੇ ਜਿਹੜੀ ਸੰਭਾਲ ਤੁਹਾਨੂੰ ਮਿਲੀ ਹੋਵੇ ਉਹ ਸ਼ਾਮਲ ਹੋ ਸਕਦੇ ਹਨ । ਕਦੇ ਕਦੇ, ਜਦੋਂ ਸਾਨੂੰ ਤੁਹਾਡੀ ਸਹਿਮਤੀ ਪ੍ਰਾਪਤ ਹੋਵੇ, ਅਸੀਂ ਤੁਹਾਡੇ ਬਾਰੇ ਹੋਰ ਸੋਮਿਆਂ ਤੋਂ ਵੀ ਜਾਣਕਾਰੀ ਲੈਂਦੇ ਹਾਂ।

## ਜਾਤੀ ਸਿਹਤ ਜਾਣਕਾਰੀ ਦੀ ਵਰਤੋਂ ਅਤੇ ਜ਼ਾਹਰ ਕਰਨੀ

ਅਸੀਂ ਤੁਹਾਡੀ ਜਾਤੀ ਸਿਹਤ ਜਾਣਕਾਰੀ ਹੇਠ ਲਿਖੇ ਤਰੀਕੇ ਨਾਲ ਵਰਤਦੇ ਅਤੇ ਉਸ ਨੂੰ ਜ਼ਾਹਰ ਕਰਦੇ ਹਾਂ:

- ਤੁਹਾਡਾ ਇਲਾਜ ਅਤੇ ਸੰਭਾਲ ਕਰਨ ਵਾਸਤੇ
- ਤੁਹਾਡੇ ਇਲਾਜ ਅਤੇ ਸੰਭਾਲ ਲਈ ਅਦਾਇਗੀਆਂ ਲੈਣ ਲਈ (ਓਹਿੱਪ, ਡਬਲਿਊ ਐੱਸ ਆਈ ਬੀ, ਤੁਹਾਡੇ ਪ੍ਰਾਈਵੇਟ ਬੀਮੇ ਵਾਲਿਆਂ ਅਤੇ ਹੋਰਨਾਂ ਤੋਂ)
- ਖਤਰਿਆਂ ‘ਤੇ ਕਾਬੂ ਪਾਉਣ ਵਾਲੀਆਂ ਸਰਗਰਮੀਆਂ ਦਾ ਸੰਚਾਲਨ ਕਰਨ ਲਈ
- ਪੱਧਰ(ਕੁਆਲਿਟੀ) ਵਿੱਚ ਸੁਧਾਰ ਕਰਨ ਵਾਲੀਆਂ ਸਰਗਰਮੀਆਂ, ਜਿਵੇਂ ਸਰਵੇ ਕਰਨੇ।
- ਖੋਜ ਕਰਨ ਲਈ
- ਅੰਕੜੇ ਇਕੱਠੇ ਕਰਨ ਲਈ
- ਆਪਣੇ ਪ੍ਰੋਗਰਾਮਾਂ ਤੇ ਸੇਵਾਵਾਂ ਦੇ ਸੁਧਾਰ ਲਈ ਫ਼ੰਡ ਇਕੱਠੇ ਕਰਨ ਲਈ
- ਕਾਨੂੰਨੀ ਅਤੇ ਨਿਯਮਾਂ ਵਾਲੀਆਂ ਸ਼ਰਤਾਂ ਦੀ ਪਾਲਣਾ ਕਰਨ ਲਈ
- ਹੋਰ ਮਕਸਦ ਪੂਰੇ ਕਰਨ ਲਈ ਜਿੰਨ੍ਹਾਂ ਦੀ ਕਾਨੂੰਨ ਅਨੁਸਾਰ ਇਜਾਜ਼ਤ ਹੋਵੇ ਅਤੇ ਲੋੜੀਂਦੇ ਵੀ ਹੋਣ।

## ਇਹ ਤੁਹਾਡੀ ਚੋਣ ਹੈ

ਤੁਹਾਡੇ ਜਾਤੀ ਸਿਹਤ ਦੇ ਰਿਕਾਰਡਾਂ ਦੀ ਉੱਪਰ ਦੱਸੀ ਵਰਤੋਂ ਅਤੇ ਜ਼ਾਹਰ ਕਰਨ ਬਾਰੇ ਤੁਸੀਂ ਚੋਣ ਕਰ ਸਕਦੇ ਹੋ। ਤੁਸੀਂ ਆਪਣੇ ਜਾਤੀ ਸਿਹਤ ਦੇ ਰਿਕਾਰਡਾਂ ਤੱਕ ਪਹੁੰਚ ਕਰ ਸਕਦੇ ਹੋ ਅਤੇ ਉਨ੍ਹਾਂ ਨੂੰ ਠੀਕ ਕਰ ਸਕਦੇ ਹੋ, ਜਾਂ ਉੱਪਰਲਿਆਂ ਵਿਚੋਂ (ਜਿਸ ਵਿੱਚ

Sunnybrook
HEALTH SCIENCES CENTRE

ਕੁਝ ਕਾਨੂੰਨੀ ਛੋਟਾਂ ਹੋ ਸਕਦੀਆਂ ਹਨ) ਕੁਝ ਬਾਰੇ ਆਪਣੀ ਸਹਿਮਤੀ ਵਾਪਸ ਲੈ ਸਕਦੇ ਹੋ। ਇਹ ਕਰਨ ਵਾਸਤੇ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ, ਜਿਸ ਤਰ੍ਹਾਂ ਕਿ ਥੱਲੇ ਦਰਸਾਇਆ ਗਿਆ ਹੈ।

## ਤੁਹਾਡੀ ਜਾਤੀ ਸਿਹਤ ਜਾਣਕਾਰੀ ਦੀ ਰੱਖਿਆ ਕਰਨ ਦਾ ਸਾਡਾ ਵਾਅਦਾ

ਹੇਠਾਂ ਦਿੱਤੀ ਵਾਅਦਿਆਂ ਦੀ ਸੂਚੀ ਹੈ ਜਿਹੜੀ ਅਸੀਂ ਤੁਹਾਡੀ ਜਾਤੀ ਸਿਹਤ ਜਾਣਕਾਰੀ ਦੀ ਰੱਖਿਆ ਕਰਨ ਲਈ ਕੀਤੇ ਹਨ:

- ਅਸੀਂ ਤੁਹਾਡੀ ਜਾਤੀ ਸਿਹਤ ਜਾਣਕਾਰੀ ਨੂੰ ਚੋਰੀ ਹੋਣ ਤੋਂ, ਗੁੰਮ ਹੋਣ ਤੋਂ ਅਤੇ ਅਣ-ਅਧਿਕਾਰਿਤ ਪਹੁੰਚ ਤੋਂ, ਨਕਲ ਹੋਣ ਤੋਂ, ਬਦਲਣ ਤੋਂ, ਵਰਤੋਂ, ਜ਼ਾਹਰ ਕੀਤੇ ਜਾਣ ਅਤੇ ਨਸ਼ਟ ਕੀਤੇ ਜਾਣ ਤੋਂ ਬਚਾਉਣ ਲਈ ਕਦਮ ਚੁੱਕਾਂਗੇ।
- ਅਸੀਂ ਆਪਣੀ ਪ੍ਰਾਈਵੇਸੀ ਦੀ ਪਾਲਣਾ 'ਤੇ ਨਿਗਰਾਨੀ ਕਰਨ ਲਈ ਅਤੇ ਇਸ ਨੂੰ ਕਾਬੂ ਵਿਚ ਰੱਖਣ ਲਈ ਲੇਖਾ-ਪੜਤਾਲ ਅਤੇ ਪੂਰੀ ਜਾਂਚ-ਪੜਤਾਲ ਕਰਾਂਗੇ।
- ਅਸੀਂ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਦਮ ਚੁੱਕਾਂਗੇ ਕਿ ਜਿਹੜਾ ਵੀ ਸਾਡੇ ਵਾਸਤੇ ਸੇਵਾਵਾਂ ਦਿੰਦਾ ਹੈ ਉਹ ਤੁਹਾਡੀ ਪ੍ਰਾਈਵੇਸੀ ਦੀ ਰੱਖਿਆ ਕਰੇ ਅਤੇ ਤੁਹਾਡੀ ਜਾਤੀ ਸਿਹਤ ਜਾਣਕਾਰੀ ਨੂੰ ਸਿਰਫ਼ ਉਸੇ ਮਕਸਦ ਲਈ ਹੀ ਵਰਤੇ ਜਿਸ ਵਾਸਤੇ ਤੁਸੀਂ ਸਾਨੂੰ ਸਹਿਮਤੀ ਦਿੱਤੀ ਹੋਵੇ।

## ਸੰਪਰਕ ਸਬੰਧੀ ਜਾਣਕਾਰੀ

ਸਾਡੇ ਪ੍ਰਾਈਵੇਸੀ ਰੱਖਿਆ ਦੇ ਅਮਲਾਂ ਬਾਰੇ ਹੋਰ ਜਾਣਕਾਰੀ, ਜਾਂ ਸਾਡੇ ਅਮਲਾਂ ਬਾਰੇ ਆਪਣੇ ਸਰੋਕਾਰਾਂ ਬਾਰੇ ਗੱਲ ਕਰਨ ਲਈ, ਕਿਰਪਾ ਕਰਕੇ ਸੰਪਰਕ ਕਰੋ

Jeff Curtis, Chief Privacy Officer
SHSC Privacy Office
2075 Bayview Avenue
Toronto, Ontario M4K 3G9
T: 416.480.6100 ext. 1236 or privacy@sunnybrook.ca

ਜੇ ਤੁਹਾਨੂੰ ਲੱਗੇ ਕਿ ਅਸੀਂ ਤੁਹਾਡੇ ਹੱਕਾਂ ਦੀ ਉਲੰਘਣਾ ਕੀਤੀ ਹੈ ਤਾਂ ਤੁਹਾਨੂੰ ਆਂਟੇਰੀਓ ਦੇ ਇਨਫ਼ਾਰਮੇਸ਼ਨ ਅਤੇ ਪ੍ਰਾਈਵੇਸੀ ਕਮਿਸ਼ਨਰ ਕੋਲ ਸ਼ਿਕਾਇਤ ਕਰਨ ਦਾ ਹੱਕ ਹੈ। ਕਮਿਸ਼ਨਰ ਤੱਕ ਪਹੁੰਚ ਇਸ ਤਰ੍ਹਾਂ ਕੀਤੀ ਜਾ ਸਕਦੀ ਹੈ:

ਡਾਕਟਰ ਐਨ ਕਾਵੋਕੀਅਨ

ਇਨਫ਼ਾਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ ਆਫ਼ ਆਂਟੇਰੀਓ

Dr. Ann Cavoukian
Information and Privacy Commissioner of Ontario
2 Bloor Street East, Suite 1400
Toronto, Ontario M4W 1A8
416-326-3333
commissioner@ipc.on.ca
www.ipc.on.ca